# ਸਕੂਲਾਂ ਲਈ COVID ਦੇ ਹੁਸ਼ਿਆਰੀ ਵਾਲੇ ਉਪਾਅ

## ਪਰਿਵਾਰਾਂ ਲਈ ਜਾਣਕਾਰੀ

ਅਸੀਂ ਜਾਣਦੇ ਹਾਂ ਕਿ ਕਲਾਸਰੂਮ ਵਿੱਚ ਇਕੱਠੇ ਹੋਣਾ ਸਾਡੇ ਵਿਦਿਆਰਥੀਆਂ ਦੇ ਸਿੱਖਣ, ਵਿਕਾਸ ਅਤੇ ਭਲਾਈ ਲਈ ਸਭ ਤੋਂ ਵਧੀਆ ਗਲ ਹੈ। ਇਸ ਟਰਮ ਨੂੰ ਅਸੀਂ ਆਪਣੇ ਵਿਦਿਆਰਥੀਆਂ ਦੀ ਤੰਦਰੁਸਤੀ ਅਤੇ ਇਕਸਾਰ ਅਤੇ ਲਾਭਦਾਇਕ ਸਿੱਖਣ ਦੇ ਮਹੌਲ ਦੋਵਾਂ ਨੂੰ ਤਰਜੀਹ ਦੇਣ ਲਈ ਕਈ ਉਪਾਵਾਂ ਨੂੰ ਲਾਗੂ ਕਰਨਾ ਜਾਰੀ ਰੱਖਾਂਗੇ।

### ਜੇ ਬਿਮਾਰ ਹੋ ਤਾਂ ਘਰ ਰਹੋ

- ਜੇਕਰ ਤੁਹਾਡਾ ਬੱਚਾ ਬਿਮਾਰ ਹੈ, ਤਾਂ ਤੁਹਾਨੂੰ ਉਨ੍ਹਾਂ ਨੂੰ ਘਰ ਵਿੱਚ ਰੱਖਣਾ ਚਾਹੀਦਾ ਹੈ। ਜੇਕਰ ਉਹ COVID-19 ਦੇ ਲੱਛਣ ਦਿਖਾ ਰਹੇ ਹਨ, ਤਾਂ ਉਨ੍ਹਾਂ ਨੂੰ COVID-19 ਟੈਸਟ (PCR ਜਾਂ RAT) ਕਰਵਾਉਣਾ ਚਾਹੀਦਾ ਹੈ ਅਤੇ NSW ਸਰਕਾਰ ਵਲੋਂ COVID-19 ਸੰਬੰਧਤ ਘਰ ਵਿੱਚ ਸੁਰੱਖਿਅਤ ਤਰੀਕੇ ਨਾਲ ਪ੍ਰਬੰਧ ਕਰਨ ਬਾਰੇ ਦਿੱਤੀ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ (managing COVID-19 safely at home)।
- ਤੁਹਾਡੇ ਬੱਚੇ ਨੂੰ ਸਿਰਫ ਉਦੋਂ ਹੀ ਸਕੂਲੇ ਵਾਪਸ ਜਾਣਾ ਚਾਹੀਦਾ ਹੈ ਜਦੋਂ ਉਹ ਲੱਛਣਾ ਤੋਂ ਮੁਕਤ ਹੋਣ।

### ਟੀਕੇ

- ਟੀਕਾਕਰਣ COVID-19 ਅਤੇ ਹੋਰ ਵਾਇਰਲ ਬਿਮਾਰੀਆਂ ਦੇ ਵਿਰੁਧ ਆਪਣੇ ਆਪ ਨੂੰ, ਤੁਹਾਡੇ ਪਰਿਵਾਰ ਅਤੇ ਭਾਈਚਾਰੇ ਨੂੰ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਟੀਕਾਕਰਣ ਤੁਹਾਡੇ ਇੰਮਯੂਨ ਸਿਸਟਮ ਨੂੰ ਬਹੁਤ ਸਾਰੀਆਂ ਬਿਮਾਰੀਆਂ ਦੇ ਵਿਰੁਧ ਮਦਦ ਕਰਨ ਦਾ ਇੱਕ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਤਰੀਕਾ ਹੈ।
- ਸਾਰੇ ਯੋਗ ਵਿਦਿਆਰਥੀਆਂ ਅਤੇ ਸਟਾਫ ਨੂੰ ਆਪਣੀ ਸਿਹਤ ਦੀ ਰੱਖਿਆ ਲਈ ਆਪਣੇ ਟੀਕਿਆਂ ਨਾਲ ਅੱਪ ਟੂ ਡੇਟ ਰਹਿਣ ਲਈ ਜ਼ੋਰਦਾਰ ਉਤਸ਼ਾਹਿਤ ਕੀਤਾ ਜਾਂਦਾ ਹੈ।
- ਖਾਸ ਉਦੇਸ਼ਾਂ ਵਾਲੇ ਸਕੂਲਾਂ ਵਿੱਚ ਕੰਮ ਕਰਨ ਵਾਲੇ ਸਾਰੇ ਸਟਾਫ (schools for specific purposes (SSPs)) ਨੂੰ COVID-19 ਦੇ ਵਿਰੁੱਧ ਦੋ ਵਾਰ ਟੀਕਾਕਰਨ ਕਰਨ ਜਾਂ ਇੱਕ ਵੈਧ ਡਾਕਟਰੀ ਪ੍ਰਤੀਰੋਧ ਰੱਖਣ ਦੀ ਲੋੜ ਹੁੰਦੀ ਹੈ।

### ਰੈਪਿਡ ਐਂਟੀਜਨ ਟੈਸਟਿੰਗ

- ਰੈਪਿਡ ਐਂਟੀਜਨ ਟੈਸਟਾਂ (Rapid antigen tests (RATs))ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਜੇਕਰ ਤੁਹਾਡਾ ਬੱਚਾ COVID-19 ਦੇ ਲੱਛਣ ਦਿਖਾ ਰਿਹਾ ਹੋਵੇ।
- ਜੇਕਰ ਤੁਹਾਡੇ ਬੱਚੇ ਦਾ COVID-19 ਟੈਸਟ ਸਕਾਰਾਤਮਕ ਹੁੰਦਾ ਹੈ, ਤਾਂ ਉਹਨਾਂ ਨੂੰ ਆਪਣੇ ਸਕੂਲ ਨੂੰ ਇਸ ਬਾਰੇ ਇਤਲਾਹ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ। ਸਕਾਰਾਤਮਕ ਰੈਪਿਡ ਐਂਟੀਜਨ ਟੈਸਟ ਦੇ ਨਤੀਜੇ (Service NSW) ਨਾਲ ਰਜਿਸਟਰ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ NSW ਸਿਹਤ ਤੋਂ ਸਮੇਂ ਸਿਰ ਸਲਾਹ ਅਤੇ ਸਮਰਥਨ ਕਰਵਾਇਆ ਜਾ ਸੱਕੇ।
- ਸਕੂਲ ਫੈਲਣ ਦੀ ਸਥਿਤੀ ਉਪਰ ਨਿਗਰਾਨੀ ਰੱਖਣਗੇ ਅਤੇ ਸਕੂਲ ਵਿੱਚ ਰੈਪਿਡ ਐਂਟੀਜਨ ਟੈਸਟਿੰਗ ਕਿੱਟਾਂ ਦਾ ਇੱਕ ਰਿਜ਼ਰਵ ਕਾਇਮ ਰੱਖਣਗੇ।

### ਸਵਾਸਥ (ਹਾਈਜੀਨ) ਅਤੇ ਸਫਾਈ

- ਵਿਦਿਆਰਥੀਆਂ ਨੂੰ ਨਿਯਮਤ ਤੌਰ 'ਤੇ ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਧੋਣ ਅਤੇ ਲੋੜ ਅਨੁਸਾਰ ਨਿੱਜੀ ਸੁਰੱਖਿਆ ਉਪਕਰਣਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
- ਸਕੂਲਾਂ ਦੀ ਦਿਨ-ਰਾਤ ਵਧੀ ਹੋਈ ਸਫਾਈ ਪੌੜੀਆਂ ਅਤੇ ਬਹੁਤ ਜ਼ਿਆਦਾ ਆਵਾ ਜਾਈ ਵਾਲੇ ਖੇਤਰਾਂ ਵੱਲ ਆਪਣਾ ਧਿਆਨ ਕੇਂਦ੍ਰਿਤ ਕਰਨਗੇ ਜਿਵੇਂ ਕਿ ਦਰਵਾਜ਼ਿਆਂ ਦੇ ਹੈਂਡਲ, ਲਾਕਰਾਂ, ਬੱਤੀਆਂ ਦੀਆਂ ਸਵਿਚਾਂ ਅਤੇ ਪੌੜੀਆਂ ਉਪਰਲੀਆਂ ਹੈਂਡ ਰੇਲਾਂ ਅਤੇ ਹੋਰ ਆਵਾ-ਜਾਈ ਦੇ ਖੇਤਰਾਂ ਵੱਲ।

### ਹਵਾਦਾਰੀ

- ਤਾਜ਼ੀ ਹਵਾ ਪ੍ਰਸਾਰਣ ਦੇ ਜੋਖਮ ਨੂੰ ਘੱਟ ਕਰਨ ਲਈ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।
- ਗਰਮੀਆਂ ਦੇ ਮਹੀਨਿਆਂ ਦੌਰਾਨ ਠੰਡਕ ਦੀ ਵਰਤੋਂ ਥਰਮਲ ਅਰਾਮ ਨੂੰ ਸੰਤੁਲਿਤ ਕਰਨ ਲਈ ਹਵਾਦਾਰੀ ਦੇ ਤਰੀਕਿਆਂ ਨਾਲ ਜੋੜ ਕੇ ਕੀਤੀ ਜਾਵੇਗੀ।
- ਪਬਲਿਕ ਸਕੂਲਾਂ ਵਿੱਚ ਸਾਰੀਆਂ ਸਿੱਖਣ ਵਾਲੀਆਂ ਥਾਵਾਂ ਦੀ ਜਾਂਚ ਕੀਤੀ ਗਈ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਵਾਦਾਰੀ ਦੇ ਉਚਿਤ ਪੱਧਰ ਅਤੇ ਜਿਥੇ ਲੋੜ ਹੋਵੇ ਏਅਰ ਪੀਊਰੀਫਾਇਰ ਮੁਹੱਈਆਂ ਕਰਵਾਏ ਗਏ ਹੋਣ ਜਿਥੇ ਜਿਥੇ ਉਨ੍ਹਾਂ ਦੀ ਲੋੜ ਹੋਵੇ।
- ਜਿੱਥੇ ਵੀ ਸੰਭਵ ਹੋਵੇ ਬਾਹਰਲੀਆਂ ਥਾਂਵਾਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਣਾ ਜਾਰੀ ਰੱਖਿਆ ਜਾਵੇਗਾ।

## ਨਕਾਬ (ਮਾਸਕ)

- ਜਿਥੇ ਵੀ ਸੰਭਵ ਹੋਵੇ, ਸਾਰੇ ਵਿਦਿਆਰਥੀਆਂ, ਸਟਾਫ ਅਤੇ ਮਹਿਮਾਨਾਂ ਨੂੰ, ਖਾਸ ਕਰਕੇ ਅੰਦਰਵਾਰ ਅਤੇ/ਜਾਂ ਜਦੋਂ ਸਰੀਰਕ ਦੂਰੀ ਸੰਭਵ ਨਾ ਹੋਵੇ, ਅਤੇ ਜੇਕਰ ਉਹ COVID-19 ਦੇ ਸੰਪਰਕ ਵਿੱਚ ਆਏ ਹੋਣ ਨੂੰ ਮਾਸਕ ਪਹਿਨਣ ਲਈ ਜ਼ੋਰਦਾਰ ਢੰਗ ਸਾਹਿਤ ਉਤਸ਼ਾਹਿਤ ਕੀਤਾ ਜਾਂਦਾ ਹੈ।
- ਮਾਸਕ ਪਹਿਨਣ ਦੀ ਜ਼ਰੂਰਤ ਸਟਾਫ ਵਲੰਟੀਅਰਾਂ ਅਤੇ ਹੋਰ ਕਾਮਿਆਂ ਲਈ ਹਰੇਕ ਸਮੇਂ ਜਾਰੀ ਰਹਿੰਦੀ ਹੈ ਜਿਹੜੇ ਸਾਡੇ ਵਿਦਿਆਰਥੀਆਂ ਦਾ ਸਮਰਥਨ ਕਰਦੇ ਹਨ, ਭਾਵੇਂ ਉਹ ਖਾਸ ਉਦੇਸ਼ਾਂ ਵਾਲੇ ਸਕੂਲ, ਸਹਾਇਤਾ ਯੂਨਿਟ ਜਾਂ ਮੁਖ ਧਾਰਾ ਦੇ ਕਲਾਸਰੂਮ ਹੋਣ ਕਿਉਂਕਿ ਉਨ੍ਹਾਂ ਨੂੰ ਬਿਮਾਰੀ ਦਾ ਵਧੇਰੇ ਜੋਖਮ ਹੁੰਦਾ ਹੈ ਜੇ ਉਹ COVID-19 ਤੋਂ ਪੀੜਤ ਹੋ ਜਾਣ।

## ਪਰਾਹੁਣੇ (ਵਿਜ਼ਟਰ)

- ਪਰਾਹੁਣੇ (ਵਿਜ਼ਟਰਜ਼) ਆਪਣੀ ਟੀਕਾਕਰਣ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਮੁੱਖ ਧਾਰਾ ਦੀਆਂ ਸਕੂਲ ਸਾਈਟਾਂ ‘ਤੇ ਜਾ ਸਕਦੇ ਹਨ।
- ਉਹਨਾਂ ਪਰਾਹੁਣਿਆਂ ਨੂੰ ਜਿਹੜੇ ਸਕੂਲ ਦੇ ਸੰਚਾਲਨ ਅਤੇ ਪਾਠਕ੍ਰਮ ਡਲਿਵਰੀ ਲਈ ਅਤੇ ਸੰਬੰਧਿਤ ਸਿਹਤ ਸਹਿਯੋਗੀ ਜਿਹੜੇ ਵਿਦਿਆਰਥੀਆਂ ਦੀ ਤੰਦਰੁਸਤੀ ਲਈ ਕੰਮ ਕਰਦੇ ਹਨ ਅਤੇ ਉਹ ਵਿਦਿਆਰਥੀਆਂ ਨਾਲ ਉਚ- ਸਿੱਧੇ ਤੌਰ ‘ਤੇ ਮਿਲਦੇ ਹੋਣ ਨੂੰ ਮਾਸਕ ਪਹਿਨਣ ਦੀ ਲੋੜ ਹੋ ਸਕਦੀ ਹੈ।

## ਗਤੀਵਿਧੀਆਂ

- ਸਿਹਤ ਅਤੇ ਸੁਰੱਖਿਆ ਖਤਰੇ ਦੇ ਮੁਲਾਂਕਣਾਂ ਨੂੰ ਸੈਰ-ਸਪਾਟੇ ਅਤੇ ਰਾਤ ਭਰ ਦੇ ਕੈਂਪਾਂ ਸਮੇਤ ਯੋਜਨਾ ਦੀਆਂ ਗਤੀਵਿਧੀਆਂ ਵਿੱਚ ਜੋੜਿਆ ਜਾਵੇਗਾ।
- ਮਾਤਾ ਪਿਤਾ ਅਤੇ ਸੰਭਾਲਕਾਂ ਨੂੰ ਅਕਸਪੋਜ਼ਰ (ਪਾਜ ਉਘਾੜਨ) ਦੇ ਜੋਖਮ ਤੋਂ ਜਾਣੂ ਕਰਵਾਇਆ ਜਾਵੇਗਾ ਅਤੇ ਉਹਨਾਂ ਨੂੰ ਕੁਝ ਗਤੀਵਿਧੀਆਂ ਲਈ ਇਜਾਜ਼ਤ ਦੇਣ ਦੀ ਲੋੜ ਹੋਵੇਗੀ।

## ਸਥਾਨਕ ਸਥਿਤੀਆਂ ਦਾ ਜਵਾਬ ਦੇਣਾ

- ਸਕੂਲ ਵਿਭਾਗ ਦੀ ਸਿਹਤ, ਸੁਰੱਖਿਆ ਅਤੇ ਕਰਮਚਾਰੀਆਂ ਦੀ ਵੈਲਬੀਇੰਗ ਕੇਸ ਪ੍ਰਬੰਧਨ ਟੀਮ ਨਾਲ ਸਥਾਨਕ ਸਥਿਤੀਆਂ, ਜਿਸ ਵਿੱਚ ਵਾਇਰਲ ਬਿਮਾਰੀ ਦੇ ਪ੍ਰਕੋਪ ਵੀ ਸ਼ਾਮਲ ਹਨ, ਲਈ ਉਚਿਤ ਜਵਾਬ ਦੇਣ ਲਈ ਕੰਮ ਕਰਨਗੇ।
- ਕੁਝ ਮਾਮਲਿਆ ਵਿੱਚ, ਸਕੂਲ ਲਾਗ ਦੀ ਲੜੀ ਨੂੰ ਰੋਕਣ ਵਿੱਚ ਮਦਦ ਲਈ ਅਸਥਾਈ ਤੌਰ ‘ਤੇ ਸੀਮਤ ਸਮੇਂ ਲਈ ਵਾਧੂ ਉਪਾਅ ਪੇਸ਼ ਕਰ ਸਕਦੇ ਹਨ, ਜਿਸ ਵਿੱਚ ਮਾਸਕ ਪਹਿਨਣ ਦੀ ਲੋੜ, ਗੈਰ-ਜ਼ਰੂਰੀ ਗਤੀਵਿਧੀਆਂ ਨੂੰ ਮੁਲਤਵੀ ਕਰਨਾ ਜਾਂ ਸੀਮਤ ਕਰਨਾ ਅਤੇ ਕੁਝ ਸਮੂਹਾਂ ਨੂੰ ਦੂਰ (remotely) ਤੋਂ ਸਿੱਖਣ ਲਈ ਨਿਰਦੇਸ਼ ਦੇਣਾ ਸ਼ਾਮਲ ਹਨ।

## ਦੂਰੋਂ ਸਿੱਖਿਆ ਪ੍ਰਾਪਤ ਕਰਨੀ (Learning remotely)

- ਸਕੂਲ ਉਹਨਾਂ ਵਿਦਿਆਰਥੀਆਂ ਦੀ ਸਹਾਇਤਾ ਲਈ ਡਿਜੀਟਲ, ਗਾਈਡਡ ਅਤੇ ਪ੍ਰਿੰਟ ਕੀਤੇ ਸਿੱਖਿਆ ਦੇ ਸਰੋਤਾਂ ਤੱਕ ਪਹੁੰਚ ਜਾਰੀ ਰੱਖਣਗੇ ਜਿਨ੍ਹਾਂ ਨੂੰ ਦੂਰੀ ਤੋਂ ਸਿੱਖਣ ਦੀ ਜ਼ਰੂਰਤ ਹੁੰਦੀ ਹੈ।

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇਕਰ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਕਿਰਪਾ ਕਰਕੇ ਤੁਹਾਡੇ ਸਕੂਲ ਦੇ ਪ੍ਰਿੰਸੀਪਲ ਨੂੰ ਫੋਨ ਕਰੋ। ਜੇਕਰ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਮਦਦ ਕਰਨ ਲਈ ਕਿਸੇ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਰਪਾ ਕਰਕੇ 131 450 ‘ਤੇ ਟੈਲੀਫੋਨ ਦੁਭਾਸ਼ਿਆਈ ਸੇਵਾ ਨੂੰ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਨੂੰ ਓਹ ਫੋਨ ਨੰਬਰ ਦਿਓ ਜਿਸ ‘ਤੇ ਤੁਸੀਂ ਫੋਨ ਕਰਨਾ ਚਾਹੁੰਦੇ ਹੋ, ਅਤੇ ਅਪਰੇਟਰ ਤੁਹਾਡੀ ਮਦਦ ਲਈ ਲਾਈਨ ‘ਤੇ ਇੱਕ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਲਈ ਤੁਹਾਡੇ ਕੋਲੋਂ ਕੋਈ ਵੀ ਕਰਚਾ ਨਹੀਂ ਲਿਆ ਜਾਵੇਗਾ।

NSW ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਵਿਦਿਆਰਥੀਆਂ ਅਤੇ ਸਕੂਲ ਦੇ ਕਰਮਚਾਰੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਤਰਜੀਹ ਦਿੰਦੇ ਹੋਏ ਸਕੂਲ ਦਾ ਸੰਚਾਲਨ ਜਾਰੀ ਰਹੇ।